ਪੰਜਾਬ ਸਕੂਲ ਸਿੱਖਿਆ ਬੋਰਡ

-------------------

ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062

ਵੱਲ

ਸਮੂਹ ਪ੍ਰਿੰਸੀਪਲ/ਮੁੱਖ ਅਧਿਆਪਕ/ਮੁੱਖ- ਅਧਿਆਪਕਾ,
ਸਰਕਾਰੀ/ਏਡਿਡ/ ਐਫੀਲਿਏਟਿਡ/ਐਸੋਸੀਏਟਿਡ, ਹਾਈ/ਸੀਨੀ: ਸੈਕੰਡਰੀ ਸਕੂਲ।

ਨੰ: ਪਸਸਬ-ਸ ਸ/ਪਰੀਖਿਆ-1/2014/ 304 ਮਿਤੀ : ਸਾਹਿਬਜ਼ਾਦਾ ਅਜੀਤ ਸਿੰਘ ਨਗਰ 17-01-2014

ਵਿਸ਼ਾ:- ਨੌਵੀਂ ਤੋਂ ਬਾਰਵ੍ਹੀਂ ਸ਼੍ਰੇਣੀ ਲਈ ਨਿਰੰਤਰ ਸਰਵਪੱਖੀ ਮੁੱਲਾਂਕਣ (ਸੀ. ਸੀ. ਈ) ਦੇ ਮੌਡਿਊਲ ਸਬੰਧੀ ਹਦਾਇਤਾਂ ਅਤੇ ਗਰੇਡਿੰਗ ਵਾਲੇ ਵਿਸ਼ਿਆਂ ਦੇ ਗਰੇਡ ਭੇਜਣ ਸਬੰਧੀ :-

ਪੰਜਾਬ ਸਰਕਾਰ ਵੱਲੋਂ ਜਾਰੀ ਹਦਾਇਤਾਂ ਦੀ ਲੋਅ ਵਿੱਚ ਅਕਾਦਮਿਕ ਸਾਲ 2012-13 ਤੋਂ ਰਾਜ ਦੇ ਸਮੂਹ ਸਕੂਲਾਂ ਵਿੱਚ ਮੁੜ ਸਾਲਾਨਾ ਪ੍ਰੀਖਿਆ ਪ੍ਰਣਾਲੀ ਲਾਗੂ ਕੀਤੀ ਗਈ ਹੈ, ਜਿਸ ਅਧੀਨ ਨਿਰੰਤਰ ਸਰਵਪੱਖੀ ਮੁੱਲਾਂਕਣ (ਸੀ. ਸੀ. ਈ) ਲਈ ਪੂਰਵ ਨਿਰਧਾਰਿਤ ਪ੍ਰਤੀ ਵਿਸ਼ਾ 30% ਅੰਕਾਂ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਗਈ। ਸੀ.ਸੀ.ਈ. ਮੌਡਿਊਲ ਸੰਬੰਧੀ ਅੰਕ ਵੰਡ ਬੋਰਡ ਦੀ ਵੈਬ-ਸਾਈਟ ਤੇ ਅਪਲੋਡ ਕੀਤੀ ਗਈ ਹੈ ।

**ਸੀ.ਸੀ.ਈ. ਸਕੀਮ ਅਧੀਨ ਅੰਕ ਵੰਡ :-**

ਸੀ. ਸੀ. ਈ ਸਕੀਮ ਨੂੰ ਵਧੇਰੇ ਪਾਰਦਰਸ਼ੀ ਬਣਾਉਣ ਲਈ ਅਤੇ ਵਿਦਿਆਰਥੀਆਂ ਦੀਆਂ ਸਾਰੇ ਸਾਲ ਦੀਆਂ ਵਿਦਿਅਕ ਅਤੇ ਸਹਿ-ਵਿਦਿਅਕ ਗਤੀਵਿਧੀਆਂ ਤੇ ਆਧਾਰਿਤ ਕਰਨ ਹਿੱਤ ਸੀ. ਸੀ. ਈ ਦੇ ਅੰਕਾਂ ਦੀ ਵਿਸ਼ਾਵਾਰ ਵੰਡ ਹੇਠ ਲਿਖੇ ਅਨੁਸਾਰ ਕੀਤੀ ਜਾਂਦੀ ਹੈ:-

| | | |
|---|---|---|
| 1) | ਅਕਾਦਮਿਕ ਪ੍ਰਾਪਤੀਆਂ<br>(ਤਿੰਨ ਮਹੀਨਾਵਾਰ ਟੈਸਟ ਦੇ 60, ਸਤੰਬਰ ਟਰਮ ਪਰੀਖਿਆ ਦੇ 70<br>ਅਤੇ ਪ੍ਰੀ ਸਾਲਾਨਾ/ ਪ੍ਰੀ ਬੋਰਡ ਪਰੀਖਿਆ ਦੇ 70 ਅੰਕ ) | 200 ਅੰਕ |
| 2) | ਸਹਿ ਅਕਾਦਮਿਕ ਪ੍ਰਾਪਤੀਆਂ<br>(ਹੋਮਵਰਕ/ ਅਸਾਈਨਮੈਂਟ/ਪ੍ਰੋਜੈਕਟ ਵਰਕ/ਪ੍ਰੈਕਟੀਕਲ ਐਕਟੀਵਿਟੀ ਵਰਕ ਦੇ 20,<br>ਹਾਜ਼ਰੀ ਦੇ 20, ਵਿਅਕਤੀਤਵ ਵਿਕਾਸ ਕਿਰਿਆਵਾਂ ਦੇ 30,<br>ਅਤੇ ਖੇਡਾਂ/ਸੱਭਿਆਚਾਰਕ ਕਿਰਿਆਵਾਂ ਦੇ 30 ਅੰਕ) | 100 ਅੰਕ |
| | | ----- |
| | ਕੁੱਲ ਅੰਕ | 300 ਅੰਕ |

**ਜਰੂਰੀ ਨੋਟ:-** ਸੀ.ਸੀ.ਈ ਦੇ 30 ਅੰਕ, ਵਿਦਿਆਰਥੀਆਂ ਦੀਆਂ ਅਕਾਦਮਿਕ ਪ੍ਰਾਪਤੀਆਂ (200 ਅੰਕ) ਅਤੇ ਸਹਿ-ਅਕਾਦਮਿਕ ਕਿਰਿਆਵਾਂ (100 ਅੰਕ) ਦੇ ਬਣਦੇ ਕੁੱਲ ਜੋੜ, 300 ਅੰਕਾਂ ਦੇ ਦਸਵੇਂ ਹਿੱਸੇ ਵਜੋਂ ਦਰਸਾਏ ਜਾਣਗੇ।

ਸੀ. ਸੀ. ਈ ਦਾ ਉਪਰੋਕਤ ਮੌਡਿਊਲ 30 ਪ੍ਰਤੀਸ਼ਤ ਅੰਕਾਂ ਨੂੰ ਆਧਾਰ ਮੰਨਕੇ ਤਿਆਰ ਕੀਤਾ ਗਿਆ ਹੈ। ਪਰੰਤੂ ਵੱਖ-ਵੱਖ ਵਿਸ਼ਿਆਂ ਲਈ ਵਿਸ਼ੇ ਦੀ ਲੋੜ ਅਨੁਸਾਰ ਸੀ. ਸੀ. ਈ ਦੇ ਵੱਖ-ਵੱਖ ਅੰਕ ਨਿਰਧਾਰਿਤ ਕੀਤੇ ਗਏ ਹਨ, ਜਿਵੇਂ ਕਿ ਪੰਜਾਬੀ ਵਿਸ਼ੇ ਦੇ ਪੇਪਰ 'ਏ' ਅਤੇ ਪੇਪਰ 'ਬੀ' ਲਈ 25-25 ਅੰਕ ਨਿਰਧਾਰਿਤ ਹਨ। ਇਸ ਕਰਕੇ ਸੀ. ਸੀ. ਈ ਦੇ 30% ਅੰਕਾਂ ਨੂੰ ਵਿਸ਼ੇ ਲਈ ਨਿਰਧਾਰਿਤ ਅੰਕਾਂ ਅਨੁਸਾਰ ਸਕੂਲ ਪੱਧਰ ਤੇ ਅਨੁਪਾਤਕ ਵਿਧੀ ਦੁਆਰਾ ਤਬਦੀਲ (Compute) ਕਰਕੇ ਹੀ ਬੋਰਡ ਨੂੰ ਭੇਜਿਆ ਜਾਵੇ।

ਹਦਾਇਤਾਂ :-

--------

1) ਸੀ. ਸੀ. ਈ ਦੇ ਮੁਲਾਂਕਣ ਲਈ ਸਕੂਲ ਪੱਧਰ ਤੇ ਇੱਕ ਕਮੇਟੀ ਗਠਿਤ ਕੀਤੀ ਜਾਵੇ। ਕਮੇਟੀ ਦਾ ਇੰਚਾਰਜ ਸਕੂਲ ਮੁੱਖੀ ਹੋਵੇਗਾ। ਸ਼੍ਰੇਣੀ ਇੰਚਾਰਜ ਅਤੇ ਵਿਸ਼ਾ ਅਧਿਆਪਕ ਉਸ ਦੇ ਮੈਂਬਰ ਹੋਣਗੇ। ਵਿਦਿਆਰਥੀਆਂ ਨੂੰ ਸੀ. ਸੀ. ਈ ਸਬੰਧੀ ਅੰਕ ਦੇਣ ਦੀ ਨਿਰੋਲ ਜਿੰਮੇਵਾਰੀ ਉਪਰੋਕਤ ਕਮੇਟੀ ਦੀ ਹੋਵੇਗੀ।

2) ਸੀ. ਸੀ. ਈ ਸਬੰਧੀ ਵਿਦਿਆਰਥੀਆਂ ਨੂੰ ਦਿੱਤੇ ਅੰਕਾਂ ਦਾ ਰਿਕਾਰਡ ਸਕੂਲ ਵੱਲੋਂ ਦੋ ਸਾਲ ਤੱਕ ਸੁਰੱਖਿਅਤ ਰੱਖਿਆ ਜਾਵੇ। ਬੋਰਡ/ਸਿੱਖਿਆ ਵਿਭਾਗ ਵੱਲੋਂ ਕਿਸੇ ਸਮੇਂ ਵੀ ਇਸ ਦਾ ਨਿਰੀਖਣ ਕੀਤਾ ਜਾ ਸਕਦਾ ਹੈ।

3) ਸਕੂਲ ਮੁੱਖੀ ਸੀ. ਸੀ. ਈ ਦੇ ਅੰਕ 25-02-2014 ਤੱਕ ਲਾਗ-ਇਨ ਆਈ.ਡੀ. ਤੇ ਪਾਉਣ ਉਪਰੰਤ, ਉਸ ਦਾ ਪ੍ਰਿੰਟ ਡਾਊਨਲੋਡ ਕਰਕੇ ਆਪਣੇ ਕੋਲ ਰਿਕਾਰਡ ਵਜੋਂ ਰੱਖਣ ਅਤੇ ਡਾਊਨ ਲੋਡ ਕੀਤੇ ਡਾਟੇ ਦੀ ਇੱਕ ਤਸਦੀਕ ਸ਼ੁਦਾ ਕਾਪੀ ਆਪਣੇ ਜਿਲ੍ਹੇ ਦੇ ਸਬੰਧਤ ਖੇਤਰੀ ਦਫ਼ਤਰ ਵਿੱਚ 5 ਦਿਨਾਂ ਦੇ ਅੰਦਰ ਅੰਦਰ ਜਮ੍ਹਾਂ ਕਰਵਾਈ ਜਾਵੇ। ਇਸ ਤੋਂ ਬਾਅਦ ਆਨ- ਲਾਈਨ ਡਾਟਾ ਲਾਕ ਕਰ ਦਿੱਤਾ ਜਾਵੇਗਾ।

4) ਮੈਟ੍ਰਿਕ ਅਤੇ ਬਾਰਵ੍ਹੀਂ ਪਰੀਖਿਆ ਮਾਰਚ 2014 ਦੀ ਪਰੀਖਿਆ ਲਈ ਗਰੇਡਿੰਗ ਵਾਲੇ ਵਿਸ਼ਿਆਂ ਦੀ ਗਰੇਡਿੰਗ 27 ਮਾਰਚ 2014 ਤੱਕ ਆਨ ਲਾਈਨ ਭਰਨ ਉਪਰੰਤ ਪ੍ਰਿੰਟ ਡਾਊਨਲੋਡ ਕਰਕੇ ਆਪਣੇ ਕੋਲ ਰਿਕਾਰਡ ਵਜੋਂ ਰੱਖਣ ਅਤੇ ਡਾਊਨ ਲੋਡ ਕੀਤੇ ਡਾਟੇ ਦੀ ਇੱਕ ਤਸਦੀਕ ਸ਼ੁਦਾ ਕਾਪੀ ਆਪਣੇ ਜਿਲ੍ਹੇ ਦੇ ਸਬੰਧਤ ਖੇਤਰੀ ਦਫ਼ਤਰ ਵਿੱਚ 5 ਦਿਨਾਂ ਦੇ ਅੰਦਰ ਅੰਦਰ ਜਮ੍ਹਾਂ ਕਰਵਾਈ ਜਾਵੇ। ਇਸ ਤੋਂ ਬਾਅਦ ਆਨ- ਲਾਈਨ ਡਾਟਾ ਲਾਕ ਕਰ ਦਿੱਤਾ ਜਾਵੇਗਾ।

5) ਸੀ. ਸੀ. ਈ ਅਤੇ ਗਰੇਡਿੰਗ ਦੀ ਡਾਊਨ-ਲੋਡ ਕੀਤੀ ਕਾਪੀ ਜਿਨ੍ਹਾਂ ਸਕੂਲਾਂ ਵਲੋਂ ਦਫਤਰ ਨੂੰ ਨਹੀਂ ਭੇਜੀ ਜਾਵੇਗੀ ਉਨ੍ਹਾਂ ਸਕੂਲਾਂ ਦੀ ਲਾਗ- ਇਨ ਆਈ.ਡੀ ਤੇ ਕੀਤੀ ਸੀ. ਸੀ. ਈ ਦੇ ਅੰਕ ਅਤੇ ਗਰੇਡ ਨਹੀਂ ਮੰਨੇ ਜਾਣਗੇ । ਜਿਸ ਦੀ ਜਿੰਮੇਵਾਰੀ ਸਕੂਲ ਮੁਖੀ ਦੀ ਹੋਵੇਗੀ ।

6) ਜਿਹੜਾ ਪਰੀਖਿਆਰਥੀ ਗੈਰ ਹਾਜ਼ਰ ਜਾਂ ਰੱਦ ਕੀਤਾ ਗਿਆ ਹੈ। ਉਸ ਦਾ ਸੀ.ਸੀ.ਈ ਦੇ ਅੰਕਾਂ ਦੀ ਥਾਂ ABS ਅਤੇ ਰੱਦ ਕੀਤੇ ਪਰੀਖਿਆਰਥੀ ਦਾ CAN ਦਰਸਾਇਆ ਜਾਵੇ।

7) ਗਰੇਡਿੰਗ ਵਾਲੇ ਵਿਸ਼ਿਆਂ ਦੀ ਪਰੀਖਿਆ ਵਿੱਚ ਜਿਹੜਾ ਪਰੀਖਿਆਰਥੀ ਗੈਰ ਹਾਜ਼ਰ ਜਾਂ ਰੱਦ ਹੈ। ਉਸ ਦਾ ਗਰੇਡ ਗੈਰ ਹਾਜ਼ਰ ਦਾ Z ਅਤੇ ਰੱਦ ਦਾ X ਦਰਸਾਇਆ ਜਾਵੇ।

ਸਕੱਤਰ